WorkSafeBC | ਜਾਣਕਾਰੀ ਸੂਚਨਾ ਪੱਤਰ

# ਵਰਕਸੇਫ਼ਬੀਸੀ ਸਾਲ 2025 ਲਈ ਕੰਮ-ਮਾਲਕਾਂ ਦੇ ਮੁੱਢਲੇ ਔਸਤ ਬੇਸ ਪ੍ਰੀਮੀਅਮ ਦਰ ਵਿੱਚ ਕੋਈ ਤਬਦੀਲੀ ਨਹੀਂ ਕਰੇਗਾ

ਲਗਾਤਾਰ ਅੱਠਵੇਂ ਸਾਲ ਵੀ ਔਸਤ ਬੇਸ ਦਰ *1.55* ਪ੍ਰਤੀਸ਼ਤ ਰਹੇਗੀ

**ਰਿਚਮੰਡ, ਬੀ ਸੀ (15 ਜੁਲਾਈ, 2024) -** ਵਰਕਸੇਫ਼ਬੀਸੀ ਨੇ ਅੱਜ ਐਲਾਨ ਕੀਤਾ ਕਿ ਸਾਲ 2025 ਲਈ ਮੁੱਢਲੀ ਔਸਤ ਬੇਸ ਪ੍ਰੀਮੀਅਮ ਦਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਇਹ ਕੰਮ-ਮਾਲਕਾਂ ਦੇ ਟੈਕਸ ਲਾਉਣ ਯੋਗ ਕੁੱਲ ਦਿੱਤੀ ਜਾਂਦੀ ਤਨਖ਼ਾਹ (ਪੇਅਰੋਲ) ਦਾ 1.55 ਪ੍ਰਤੀਸ਼ਤ ਰਹੇਗੀ। ਇਹ ਵਰਕਸੇਫ਼ਬੀਸੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਅੰਤਿਮ ਪ੍ਰਵਾਨਗੀ ਲਈ ਵਿਚਾਰ ਅਧੀਨ ਹੈ ਅਤੇ ਇਹ ਲਗਾਤਾਰ ਅੱਠਵਾਂ ਸਾਲ ਹੋਵੇਗਾ ਜਦੋਂ ਔਸਤ ਆਧਾਰ ਦਰ ਇਸ ਪੱਧਰ 'ਤੇ ਟਿਕੀ ਹੋਈ ਹੈ।

ਪ੍ਰੋਵਿੰਸ ਵਿੱਚ ਸੱਟਾਂ ਦੀਆਂ ਦਰ, ਕੰਮ `ਤੇ ਵਾਪਸੀ ਦੀ ਕਾਰਗੁਜ਼ਾਰੀ ਅਤੇ ਕਲੇਮਾਂ ਨਾਲ ਸਬੰਧਿਤ ਲਾਗਤ, ਅਤੇ ਨਾਲ ਹੀ ਨਿਵੇਸ਼ ਪੂੰਜੀ ਦੀ ਕਾਰਗੁਜਾਰੀ ਸਾਲਾਨਾ ਬੇਸ ਪ੍ਰੀਮੀਅਮ ਦਰਾਂ ਨੂੰ ਪ੍ਰਭਾਵਤ ਕਰਦੇ ਹਨ।

ਹਰ ਸਾਲ, ਕੁਝ ਉਦਯੋਗਾਂ ਵਿੱਚ ਲਾਗਤਾਂ ਵੱਧ ਜਾਂਦੀਆਂ ਹਨ, ਕੁਝ ਵਿੱਚ ਘੱਟ ਜਾਂਦੀਆਂ ਹਨ ਅਤੇ ਹੋਰਾਂ ਵਿੱਚ ਉਹੀ ਰਹਿੰਦੀਆਂ ਹਨ। 2025 ਵਿੱਚ, ਬੀ ਸੀ ਦੇ 59 ਪ੍ਰਤੀਸ਼ਤ ਕੰਮ-ਮਾਲਕਾਂ ਦੇ ਆਪਣੇ ਉਦਯੋਗ ਵਿੱਚ ਬੇਸ ਦਰ ਵਿੱਚ ਕਮੀ ਦਾ ਅਨੁਭਵ ਕਰਨ ਦਾ ਅਨੁਮਾਨ ਹੈ, 33 ਪ੍ਰਤੀਸ਼ਤ ਆਪਣੇ ਉਦਯੋਗ ਵਿੱਚ ਬੇਸ ਦਰ ਵਿੱਚ ਵਾਧਾ ਦੇਖਣਗੇ, ਅਤੇ ਅੱਠ ਪ੍ਰਤੀਸ਼ਤ ਕੋਈ ਬਦਲਾਅ ਨਹੀਂ ਦੇਖਣਗੇ।

## ਰੇਟ ਸੈੱਟ ਕਰਨ ਦਾ ਤਰੀਕਾ

ਸਲਾਨਾ ਪ੍ਰੀਮੀਅਮ ਦਰਾਂ ਨੂੰ ਨਿਰਧਾਰਿਤ ਕਰਨ ਵਿੱਚ, ਵਧੇਰੇ-ਰੁਝਾਨ ਵਾਲੇ ਕਲੇਮਾਂ ਦੀ ਲਾਗਤ ਵਾਲੇ ਉਦਯੋਗ ਉੱਚ-ਜੋਖ਼ਮ ਦਰ ਗਰੁੱਪਾਂ ਵਿੱਚ ਚਲੇ ਜਾਂਦੇ ਹਨ ਅਤੇ ਜਿਆਦਾ ਦਰਾਂ ਦਾ ਭੁਗਤਾਨ ਕਰਦੇ ਹਨ। ਘੱਟ ਰੁਝਾਨ ਵਾਲੇ ਕਲੇਮਾਂ ਦੀ ਲਾਗਤ ਵਾਲੇ ਹੇਠਲੇ ਜੋਖ਼ਮ ਦਰ ਗਰੁੱਪਾਂ ਵਿੱਚ ਚਲੇ ਜਾਂਦੇ ਹਨ ਅਤੇ ਘੱਟ ਦਰਾਂ ਦਾ ਭੁਗਤਾਨ ਕਰਦੇ ਹਨ।

ਇਸ ਤੋਂ ਇਲਾਵਾ, ਕੰਮ-ਮਾਲਕ ਦੇ ਵਿਅਕਤੀਗਤ ਕਲੇਮਾਂ ਦੀ ਲਾਗਤ ਦੀ ਹਿਸਟਰੀ (ਇਤਿਹਾਸ) ਵੀ ਉਹਨਾਂ ਦੀਆਂ ਦਰਾਂ ਵਿੱਚ ਸ਼ਾਮਲ ਹੁੰਦੀ ਹੈ। ਵਿਅਕਤੀਗਤ ਕੰਮ-ਮਾਲਕ ਜਿਨ੍ਹਾਂ ਦੀ ਕਲੇਮ ਲਾਗਤ ਹਿਸਟਰੀ ਉਹਨਾਂ ਦੇ ਉਦਯੋਗ ਦੀ ਔਸਤ ਤੋਂ ਘੱਟ ਹੁੰਦੀ ਹੈ, ਉਹਨਾਂ ਨੂੰ ਉਹਨਾਂ ਦੀਆਂ ਦਰਾਂ 'ਤੇ ਛੋਟ ਮਿਲਦੀ ਹੈ, ਜਦੋਂ ਕਿ ਔਸਤ ਤੋਂ ਵੱਧ ਕਲੇਮ-ਲਾਗਤ ਹਿਸਟਰੀ ਵਾਲੇ ਕੰਮ-ਮਾਲਕ ਨੂੰ ਅਧਿਕ ਦਾ ਭੁਗਤਾਨ(ਸਰਚਾਰਜ) ਕਰਨਾ ਪੈਂਦਾ ਹੈ। ਇਸ ਦਾ ਮਤਲਬ ਹੈ ਕਿ ਕੰਮ-ਮਾਲਕ ਆਪਣੇ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਦੇ ਨਤੀਜਿਆਂ ਨੂੰ ਬਿਹਤਰ ਬਣਾ ਕੇ ਪ੍ਰੀਮੀਅਮ ਦਰ ਨੂੰ ਘੱਟ ਕਰ ਸਕਦਾ ਹੈ।

## ਔਸਤ ਬੇਸ ਪ੍ਰੀਮੀਅਮ ਦਰ ਕਲੇਮਾਂ ਦੀ ਲਾਗਤ ਤੋਂ ਹੇਠਾਂ ਰੱਖੀ ਗਈ

*ਵਰਕਰਜ਼ ਕੰਪਨਸੇਸ਼ਨ ਐਕਟ* ਵਰਕਸੇਫ਼ਬੀਸੀ ਤੋਂ ਕਾਮਿਆਂ ਦੀ ਕੰਪਨਸੇਸ਼ਨ (ਮੁਆਵਜ਼ਾ) ਪ੍ਰਣਾਲੀ ਲਈ ਭੁਗਤਾਨ ਕਰਨ ਲਈ ਕੰਮ-ਮਾਲਕਾਂ ਲਈ ਸਲਾਨਾ ਪ੍ਰੀਮੀਅਮ ਦਰ ਨਿਰਧਾਰਿਤ ਕਰਨ ਦੀ ਮੰਗ ਕਰਦਾ ਹੈ। ਕੰਮ ਨਾਲ ਸਬੰਧਿਤ ਸੱਟਾਂ ਜਾਂ ਬਿਮਾਰੀਆਂ, ਸਿਹਤ ਦੇਖ-ਰੇਖ, ਉਜਰਤ ਦੇ ਨੁਕਸਾਨ, ਕੰਮ `ਤੇ ਮੁੜ ਵਾਪਸੀ ਅਤੇ ਪ੍ਰਸ਼ਾਸਨ ਨਾਲ ਸੰਬੰਧਿਤ ਲਾਗਤਾਂ ਲਈ ਪ੍ਰੀਮੀਅਮਾਂ ਦੁਆਰਾ ਫ਼ੰਡ ਦਿੱਤੇ ਜਾਂਦੇ ਹਨ।

ਵਰਕਸੇਫ਼ਬੀਸੀ ਦੀ ਹਾਲ ਹੀ ਦੇ ਸਾਲਾਂ ਵਿੱਚ ਮਜ਼ਬੂਤ ਵਿੱਤੀ ਸਥਿਤੀ ਕਾਰਨ ਘਾਟੇ ਨੂੰ ਅਧਿਕ(ਸਰਪਲੱਸ) ਫ਼ੰਡਾਂ ਤੋਂ ਪੂਰਿਆਂ ਕਰ ਕੇ ਔਸਤ ਬੇਸ ਪ੍ਰੀਮੀਅਮ ਦਰ ਨੂੰ ਕਲੇਮਾਂ ਦੀ ਔਸਤ ਲਾਗਤ ਤੋਂ ਹੇਠਾਂ ਰੱਖਿਆ ਗਿਆ। 2025 ਲਈ ਮੁੱਢਲੀ ਔਸਤ ਬੇਸ ਦਰ ਅਨੁਮਾਨਿਤ ਲਾਗਤ ਦਰ, 1.78 ਪ੍ਰਤੀਸ਼ਤ ਤੋਂ ਘੱਟ 1.55 ਪ੍ਰਤੀਸ਼ਤ ਹੋਵੇਗੀ।

ਵਰਕਸੇਫ਼ਬੀਸੀ ਦੀ ਯੋਜਨਾ ਅਨੁਸਾਰ ਸਾਲ 2019 ਅਤੇ 2025 ਦੇ ਵਿਚਕਾਰ, $2.5 ਬਿਲੀਅਨ ਵਾਧੂ ਫ਼ੰਡਾਂ ਦੀ ਵਰਤੋਂ ਮਾਲਕਾਂ ਦੁਆਰਾ ਅਦਾ ਕੀਤੀਆਂ ਦਰਾਂ ਨੂੰ ਕਲੇਮਾਂ ਦੀ ਲਾਗਤ ਤੋਂ ਘੱਟ ਰੱਖਣ ਲਈ ਕੀਤੀ ਜਾਵੇਗੀ।

ਭਵਿੱਖ਼ ਵੱਲ ਦੇਖਦੇ ਹੋਏ, ਵਰਕਸੇਫ਼ਬੀਸੀ ਦੇ ਧਿਆਨ ਵਿੱਚ ਹੈ ਕਿ ਉਹ ਕਲੇਮਾਂ ਦੀ ਲਾਗਤ ਦੇ ਉੱਪਰ ਵੱਲ ਦਬਾਅ ਅਤੇ ਘਟੇ ਹੋਏ ਸਰਪਲੱਸ ਨੂੰ ਦੇਖ ਰਿਹਾ ਹੈ, ਜਿਸ ਨਾਲ ਭਵਿੱਖ ਦੇ ਸਾਲਾਂ ਵਿੱਚ ਸੰਭਾਵੀ ਤੌਰ 'ਤੇ ਪ੍ਰੀਮੀਅਮ ਦਰਾਂ ਦਾ ਵਧ ਸਕਣ ਵੱਲ ਝੁਕਾਅ ਹੈ।

## ਰੇਟ ਜਾਣਕਾਰੀ ਸੈਸ਼ਨ

ਕੰਮ-ਮਾਲਕਾਂ ਲਈ ਰੇਟ ਜਾਣਕਾਰੀ ਸੈਸ਼ਨ 16 ਜੁਲਾਈ ਅਤੇ 18 ਜੁਲਾਈ, 2024 ਨੂੰ ਵਰਚੁਅਲੀ ਤਹਿ ਕੀਤੇ ਗਏ ਹਨ। ਇਹ ਸੈਸ਼ਨ ਵਰਕਸੇਫ਼ਬੀਸੀ ਲਈ ਵਰਕਰਾਂ ਦੀ ਕੰਪਨਸੇਸ਼ਨ ਸਿਸਟਮ ਦੀ ਵਿੱਤੀ ਸਥਿਤੀ, ਦਰ ਅਤੇ ਵਰਗੀਕਰਨ ਵਿੱਚ ਤਬਦੀਲੀਆਂ, ਅਤੇ ਕੰਮ-ਮਾਲਕਾਂ ਨੂੰ ਕਿ ਉਹ ਕਿਵੇਂ ਸੁਧਰੇ ਹੋਏ ਸਿਹਤ ਅਤੇ ਸੁਰੱਖਿਆ ਅਮਲਾਂ ਦੁਆਰਾ ਆਪਣੇ ਰੇਟ ਨੂੰ ਪ੍ਰਭਾਵਿਤ ਕਰ ਸਕਦੇ ਹਨ ਬਾਰੇ ਜਾਣਕਾਰੀ ਦੇਣ ਦੇ ਮੌਕੇ ਪ੍ਰਦਾਨ ਕਰਨਗੇ। ਹੋਰ ਵੇਰਵੇ workafebc.com 'ਤੇ ਔਨਲਾਈਨ ਪੋਸਟ ਕੀਤੇ ਗਏ ਹਨ।

ਵਰਕਸੇਫ਼ਬੀਸੀ ਦੇ ਡਾਇਰੈਕਟਰਾਂ ਦਾ ਬੋਰਡ ਇਸ ਸਾਲ ਅਕਤੂਬਰ ਵਿੱਚ 2025 ਦੀਆਂ ਪ੍ਰੀਮੀਅਮ ਦਰਾਂ ਨੂੰ ਅੰਤਿਮ ਰੂਪ ਦੇਵੇਗਾ।

-30-

**ਬੈਕਗਰਾਊਂਡਰਜ਼**

- ਮੀਡੀਆ ਬੈਕਗਰਾਊਂਡਰ: ਪ੍ਰੀਮੀਅਮ ਦਰਾਂ
- ਮੀਡੀਆ ਬੈਕਗਰਾਊਂਡਰ: ਫੰਡਾਂ ਦੀ ਸਥਿਤੀ (ਸਰਪਲੱਸ)
- ਮੀਡੀਆ ਬੈਕਗਰਾਊਂਡਰ: ਵਿੱਤੀ ਪ੍ਰਬੰਧ

**ਵਰਕਸੇਫ਼ਬੀਸੀ ਬਾਰੇ**

*ਵਰਕਸੇਫ਼ਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਨਾਲ ਜੋੜਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਪੁਨਰ ਸਥਾਪਨ(ਰੀਹੈਬਲੀਟੇਸ਼ਨ), ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 280,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ:**

ਵਰਕਸੇਫ਼ਬੀਸੀ ਮੀਡੀਆ ਰੀਲੇਸ਼ਨਜ਼
604-276-5157
media@worksafebc.com